ਮਿਤੀ: ੨੯ ਮਈ, ੨੦੧੯

ਪਰਮ ਸਨਮਾਨ ਯੋਗ ਸਿੰਘ ਸਾਹਿਬਾਨ ਜੀਓ,

ਦਫਤਰ, ਸ੍ਰੀ ਅਕਾਲ ਤਖਤ ਸਾਹਿਬ,

ਸਰਬ-ਸੰਸਾਰ ਦੀਆਂ ਗੁਰਦੁਆਰਾ ਕਮੇਟੀਆਂ ਦੇ ਮੈਂਬਰ ਸਾਹਿਬਾਨ,

SGPC ਦੇ ਸਰਬ ਮੈਂਬਰ ਸਾਹਿਬਾਨ

ਅਤੇ ਪਰਮ ਸਨਮਾਨ ਯੋਗ ਗੁਰੂ ਪਿਆਰੀ ਸਾਧ ਸੰਗਤ ਜੀਓ,

ਵਾਹਿਗੁਰੂ ਜੀ ਕਾ ਖਾਲਸਾ ਵਾਹਿਗੁਰੂ ਜੀ ਕੀ ਫਤਹਿ॥

ਦਾਸ ਆਪ ਸਭ ਗੁਰੂ ਪਿਆਰੀ ਗੁਰੂ ਸਵਾਰੀ ਸਾਧ ਸੰਗਤ ਜੀ ਦਾ ਧਿਆਨ ਹੇਠ ਲਿਖੇ ਵਿਸ਼ੇ ਵਲ ਲਜਾਂਣਾ ਚਾਹੁੰਦਾ ਹੈ। ਦਾਸ ਲਗ-ਭਗ ਦੋ ਦਹਾਕਿਆਂ ਤੋਂ ਕੈਨੇਡਾ ਵਿਚ ਰਹਿ ਰਿਹਾ ਹੈ।ਗੁਰੂ ਸਾਹਿਬ ਜੀ ਦੀ ਕਿਰਪਾ ਸਦਕਾ ਬਹੁਤ Tour ਕਰਨ ਦਾ ਵੀ ਮੌਕਾ ਮਿਲਿਆ ਹੈ।

ਵੇਖਣ ਵਿਚ ਆਉਦਾ ਹੈ ਕਿ ਬਾਹਰਲੇ ਮੁਲਕਾਂ, ਖਾਸ ਕਰਕੇ ਪਛਮੀ ਮੁਲਕ, ਕੈਨੇਡਾ, USA, ਯੌਰੋਪੀਅਨ ਮੁਲਕ, ਆਦਿ, ਵਿਚ ਸਾਡੇ ਆਪਣੇ ਦਸਤਾਰਧਾਰੀ, ਕੇਸਾਧਾਰੀ ਵੀਰ Gas Stations, Convenience Stores etc ਵਿਚ ਤਮਾਕੂ, cigarette ਵੇਚਦੇ, ਵੇਖਣ ਵਿਚ ਆਉਦੇ ਹਨ! ਇਹ ਦੇਖ ਕੇ ਅਤਿਅੰਤ ਦੁਖ ਹੁੰਦਾ ਹੈ। ਜਿਹੜਾ ਖਾਲਸੇ ਦਾ ਸਰੂਪ ਗੁਰੂ ਸਾਹਿਬ ਜੀ ਨੇ ਆਪਣਾ ਪਰਵਾਰ ਵਾਰ ਕੇ ਸਾਨੂੰ ਦਿਤਾ, ਉਹ ਸਰੂਪ ਅਜ ਦੇਸ ਪਰਦੇਸ ਵਿਚ ਜਾ ਕੇ cigarettes ਵੇਚਣ ਦਾ ਕੰਮ ਕਰੇ!! ਮੇਰਾ ਆਪਣਾ ਅੰਦਾਜ਼ਾ ਹੈ ਕਿ ਕੁਲ ਮਿਲਾ ਕੇ ਘਟ ਤੋਂ ਘੱਟ ਐਸੇ ਹਜ਼ਾਰਾਂ

ਦਸਤਾਰਧਾਰੀ, ਕੇਸਾਧਾਰੀ ਵੀਰ ਹੋਣਗੇ ਜਿਹੜੇ ਇਹ ਆਪਣੇ ਕੰਮ ਵਜੋਂ ਕਰ ਰਹੇ ਹਨ। ਜੇ ਅਸੀ ਆਪਣੀ ਕੌਮ ਵਿਚ ਗੁਰੂ ਨਾਨਕ ਨਾਮ ਲੇਵਾ ਮੋਨੇ ਵੀਰਾਂ ਦੀ ਵੀ ਇਹ ਗਿਣਤੀ ਕਰ ਲਈਏ ਤਾਂ ਇਹ ਗਿਣਤੀ ਕਈ ਹਜ਼ਾਰਾਂ ਵਿਚ ਹੋ ਜਾਵੇਗੀ। ਇਹ ਸਭ ਸਿਖ ਕੌਮ ਦੀ ਆਨ-ਸ਼ਾਨ ਤੇ ਪ੍ਰੰਪਰਾਵਾਂ ਤੋਂ ਬੇ-ਮੁਖਤਾਈ ਹੈ। ਜਿਹੜੀ ਕੌਮ ਦੇ ਪੁਰਾਤਨ ਸਿਖ, ਤਮਾਕੂ ਨੂੰ ਹਥ ਲਾਉਣ ਦੇ ਮੁੱਦੇ ਨੂੰ ਲੈ ਕੇ ਸ਼ਹੀਦੀਆਂ ਦੇ ਜਾਦੇ ਸਨ, ਅਜ ਉਨ੍ਹਾਂ ਦੇ ਹੀ ਆਪਣੇ ਵਾਰਸ ਸ਼ਰੇਆਮ ਤਮਾਕੂ ਵੇਚਣ ਦਾ ਕੰਮ ਕਰ ਰਹੇ ਹਨ! ਕੈਨੇਡਾ, USA ਦੇ ਲਗ-ਭਗ ਹਰ ਸ਼ਹਿਰ ਜਿਸ ਵਿਚ ਸਿਖਾਂ ਦੀ ਗਿਣਤੀ ਕਾਫੀ ਹੈ, ਉੱਥੇ ਉੱਥੇ ਇਹ ਉਲੰਘਣਾ ਸ਼ਰੇਆਮ ਹੋ ਰਹੀ ਹੈ!

ਇਸ ਗਲ ਵਿਚ ਥੋੜੀ ਪ੍ਰਾਪਤ ਜਾਣਕਾਰੀ ਸਾਂਝੀ ਕਰਨੀ ਜ਼ਰੂਰੀ ਸਮਝਦਾ ਹਾਂ! ਜਿਨ੍ਹਾਂ ਦੇ ਆਪਣੇ petrol pump (ਇਨ੍ਹਾਂ ਮੁਲਕਾਂ ਵਿਚ ਜਿਨ੍ਹਾਂ ਨੂੰ Gas station ਕਿਹਾ ਜਾਂਦਾ ਹੈ) ਹਨ, ਉਨਾਂ ਦਾ ਆਮ ਕਹਿਣਾ ਹੁੰਦਾ ਹੈ ਕਿ "ਜੀ, ਜੇ ਅਸੀ cigarette ਨਾ ਰਖੀਏ ਤਾਂ ਸਾਨੂੰ profit ਨਹੀ ਹੁੰਦਾ!" ਇਹ ਕਾਰਨ ਬਣਾ ਕੇ ਪੇਸ਼ ਕੀਤਾ ਜਾਂਦਾ ਹੈ। ਜਿਹੜੇ ਵੀਰ ਉਥੇ ਕੰਮ ਕਰਦੇ ਹਨ, ਉਹ ਇਹ ਕਹਿ ਕੇ ਛੁਟਕਾਰਾ ਪਾ ਲੈਂਦੇ ਹਨ ਕਿ "ਸਾਨੂੰ ਹੋਰ Jobs ਨਹੀ ਮਿਲਦੀਆਂ"। ਇਹ ਦੋਨੋਂ ਗਲਾਂ ਹੀ ਬਹਾਨੇਬਾਜ਼ੀ ਹਨ, ਪੈਸੇ ਕਮਾਉਣ ਪਿਛੇ ਬਹਾਨਾਬਾਜ਼ੀ, ਕਿਉ ਕਿ ਆਮ ਸਿਖ ਇਨ੍ਹਾਂ ਨੂੰ ਇਸ ਪਿਛੇ ਟੋਕਦੇ ਨਹੀ ਤੇ ਆਪਣੀ ਬਣਦੀ ਜ਼ਿੰਮੇਵਾਰੇ ਅਨੁਸਾਰ ਕੁਝ ਕਹਿੰਦੇ ਹੀ ਨਹੀ!

ਇਹਨਾਂ ਮੁਲਕਾਂ ਵਿਚ ਹੋਰ ਹਜ਼ਾਰਾਂ Jobs ਮਿਲ ਜਾਂਦੀਆਂ ਹਨ ਪਰ ਕਿਉ ਕਿ "ਸਿਖਾਂ" ਤੇ ਪੰਜਾਬੀਆਂ ਵਿਚ ਇਸ ਗਲ ਦੀ ਲੀਹ ਪੈ ਚੁਕੀ ਹੈ ਕਿ ਇਹ ਕੰਮ ਬਹੁਤ ਸਾਲਾਂ ਤੋਂ ਕਰ ਰਹੇ ਹਨ, ਇਸ ਕਰਕੇ ਸਿਖੀ ਦੀ ਸ਼ਾਨ ਉੱਤੇ ਇਸ ਧੱਬੇ ਨੂੰ ਰੋਕਣ ਬਾਰੇ ਕੋਈ ਸੋਚਦਾ ਹੀ ਨਹੀ! ਇਸ ਤੋਂ ਛੁੱਟ, ਇੱਕੇ-ਦੁੱਕੇ ਨੂੰ ਛਡ ਕੇ, ਇਸ ਗਲ ਵਲ ਕਿਸੇ ਗੁਰਦੁਆਰਾ ਕਮੇਟੀ ਦਾ ਖਾਸ ਧਿਆਨ ਵੀ ਨਹੀ! ਨਾਂ ਤਾਂ ਸਾਡੇ ਗੁਰਦੁਆਰਿਆਂ

ਦੇ ਧਾਰਮਕ leader ਇਸ ਗਲ ਵਲ ਧਿਆਨ ਦਿੰਦੇ ਹਨ ਤੇ ਨਾਂ ਹੀ ਕਿਸੇ ਨੂੰ ਕੁਝ ਸਮਝਾਉਣਾ ਆਪਣਾ ਧਾਰਮਕ ਫਰਜ਼ ਹੀ ਸਮਝਦੇ ਹਨ! ਇਨ੍ਹਾਂ ਕਾਰਨਾਂ ਕਰਕੇ ਇਹ ਉਲੰਘਣਾ ਲਗਾਤਾਰ ਪਿਛਲੇ ਕਈ ਦਹਾਕਿਆਂ ਤੋਂ ਚਲਦੀ ਆ ਰਹੀ ਹੈ!

ਕੀ ਸਾਡੇ ਕੋਈ ਦਸਤਾਰਧਾਰੀ ਯਾਂ ਕੇਸਾਧਾਰੀ ਵੀਰ, cigarette ਵੇਚਦੇ ਸ਼ੋਭਦੇ ਹਨ?

ਪਿਛੇ ਜਹੇ ਦਾਸ ਨੂੰ ਕੈਨੇਡਾ ਦੇ Ontario ਸੂਬੇ ਵਿਚ ਜਾਣ ਦਾ ਮੌਕਾ ਗੁਰੂ ਸਾਹਿਬ ਨੇ ਬਖਸ਼ਿਆ। ਉਥੇ ਇਹ Gas Station ਵੇਖਣ ਨੂੰ ਮਿਲਿਆ ਜਿਸ ਦਾ ਮਾਲਕ ਇਕ ਇਟੈਲੀਅਨ ਵੀਰ ਸੀ। ਉਸ Gas staion ਤੇ ਨਾਲ ਉਸ ਦਾ Pizza Hut ਵੀ ਸੀ ਤੇ ਇਕ ਹੋਰ "Robin's doughnut" ਕਰਕੇ business ਵੀ! ਉਥੇ ਉਸ Gas Station ਉਤੇ ਉਸ ਨੇ ਕਿਸੇ ਕਿਸਮ ਦਾ ਕੋਈ ਤਮਾਕੂ, cigarette ਨਹੀ ਸੀ ਰਖਿਆ ਹੋਇਆ। ਦਾਸ ਨੂੰ ਪਹਿਲੀ ਵਾਰੀ ਐਸਾ Gas Station ਵੇਖਣ ਦਾ ਮੌਕਾ ਮਿਲਿਆ ਜਿਸ ਵਿਚ ਕੋਈ cigarette ਨਹੀ ਸੀ ਵਿਕਦੀ! ਮਨ ਵਿਚ ਬਹੁਤ ਖੁਸ਼ੀ ਹੋਈ। ਦਾਸ ਨੇ ਉਸ ਇਟੈਲੀਅਨ ਵੀਰ ਨੂੰ ਪੁਛਿਆ ਕਿ ਆਪ ਆਪਣੇ ਇਸ ਵਾਪਾਰ ਵਿਚ cigarette ਕਿਉ ਨਹੀ ਰਖਦੇ। ਉਸ ਦਾ ਜਵਾਬ ਸੁਣ ਕੇ ਮਨ ਵਿਚ ਬਹੁਤ ਪ੍ਰਸੰਨਤਾ ਹੋਈ। ਉਸ ਦਾ ਕਹਿਣਾ ਸੀ ਕਿ ਜੋ ਗਲ ਮੈ ਆਪ ਨਹੀ ਕਰਦਾ ਉਸ ਨੂੰ ਮੈਂ ਦੁਨੀਆ ਵਿਚ ਕਿਉ ਵਧਾਵਾਂ? ਇਹ ਗਲ ਸੁਣ ਕੇ ਜਿਥੇ ਮਨ ਬਹੁਤ ਖੁਸ਼ ਹੋਇਆ ਉਥੇ ਦਾਸ ਦਾ ਸਿਰ ਉਸ ਨੂੰ ਝੁਕਣ ਦਾ ਵੀ ਜੀਅ ਕੀਤਾ !

ਪਰ ਅਤਿਅੰਤ ਅਫਸੋਸ, ਕਿ ਸਿੱਖ ਜਿਨਾਂ ਦਾ ਇਤਿਹਾਸ ਹੀ ਤਮਾਕੂ ਵਿਰੁਧ ਭਰਿਆ ਪਿਆ ਹੈ, ਉਹ ਹੀ ਸਿਖ ਅਜ cigarette ਵੇਚਣ ਵਿਚ ਲਗੇ ਹੋਏ ਹਨ ਤੇ ਕੋਈ ਸੰਕੋਚ ਨਹੀ ਕਰਦੇ!

ਅਸੀ ਹੇਠ ਲਿਖੀਆ ਬੇਨਤੀਆਂ ਸਾਰੇ ਸਿੱਖ ਜਗਤ ਅਗੇ ਸਿਰ ਨਿਵਾ ਕੇ ਕਰਨਾ ਚਾਹਵਾਂਗੇ:

੧) ਸ੍ਰੀ ਅਕਾਲ ਤਖਤ ਸਾਹਿਬ ਤੋਂ ਇਸ ਬਾਰੇ ਹੁਕਮਨਾਮਾ ਸਾਹਿਬ ਜਾਰੀ ਹੋਣੇ ਚਾਹੀਦੇ ਹਨ ਕਿ ਸਿਖ ਹੋ ਕੇ ਤਮਾਕੂ ਵੇਚ ਕੇ ਕਮਾਈ ਕਰਨੀ ਸਿੱਖੀ ਵਿਚ ਮਨਾਂ ਹੈ ਅਤੇ ਇਹ ਸਿਖ ਸਿਧਾਤਾਂ ਅਤੇ ਸਿਖੀ ਆਨ-ਸ਼ਾਨ ਉੱਤੇ ਸਿਧਾ ਵਾਰ ਹੈ।

੨) ਇਹ ਜ਼ਿੰਮੇਵਾਰੀ ਸਭ ਸਿਖ ਸੰਗਤਾਂ ਦੀ ਵੀ ਬਣਦੀ ਹੈ ਕਿ ਜਿਹੜੇ ਸਿਖ ਵੀਰ (ਜਾਂ ਭੈਣਾਂ) cigarette ਵੇਚਦੇ ਆਪ ਦੇ ਸੰਗੀ ਸਾਥੀ ਯਾਂ ਜਾਣਕਾਰ ਹੋਣ, ਉਨ੍ਹਾਂ ਨੂੰ ਇਸ ਗਲ ਬਾਰੇ ਸੁਚੇਤ ਕਰੋ ਕਿ ਉਹ ਸਿਖੀ ਸ਼ਾਨ ਨੂੰ ਰੋਲ ਰਹੇ ਹਨ। ਖਾਸ ਕਰਕੇ ਜਿਹੜੇ ਦਸਤਾਰਧਾਰੀ / ਕੇਸਾਧਾਰੀ ਵੀਰ ਹੋਣ, ਉਨ੍ਹਾ ਦਾ ਇਹ ਕੰਮ ਕਰਨਾਂ, **ਬਹੁਤ ਵਡੀ ਉਲੰਗਣਾ ਹੈ**। ਇਹ ਫਰਜ਼ ਹਰ ਸਿਖ ਦਾ ਹੈ ਕਿ ਜੋ ਸਿਖ ਵੀ ਇਸ ਕੁਰੀਤੀ ਨੂੰ ਕਰ ਰਿਹਾ ਹੈ ਉਸ ਨੂੰ ਇਸ ਗਲ ਦਾ ਅਹਿਸਾਸ ਕਰਵਾਇਆ ਜਾਵੇ ਤੇ ਕਿਸੇ ਹੋਰ ਕੰਮ ਵਲ ਪ੍ਰੇਰਿਆ ਜਾਵੇ! ਸਾਰਾ ਸੰਸਾਰ Opportunities ਨਾਲ ਭਰਿਆ ਪਿਆ ਹੈ ਤੇ ਇਹ ਗਲ ਬਹਾਨੇ ਵਜੋਂ ਨਾ ਕੀਤੀ ਜਾਵੇ ਕਿ “ਅਖੇ ਹੋਰ ਕੰਮ ਨਹੀ ਮਿਲਦੇ!” ਜੋ ਬਿਲਕੁਲ ਝੂਠ ਹੈ।

੩) ਗੁਰਦੁਆਰਾ ਸਾਹਿਬ ਵਿਖੇ ਇਸ ਵਿਸ਼ੇ ਤੇ Seminar, event etc ਕੀਤੇ ਜਾਣ ਤੇ ਸੰਗਤ ਨੂੰ ਇਸ ਵਿਸ਼ੇ ਤੋਂ ਜਾਣੂ ਕਰਵਾ ਕੇ ਸਭ ਸੰਗਤ ਨੂੰ ਕਿਰਤ ਕਰਨ ਦੇ ਅਨੇਕਾਂ ਹੋਰ ਰਾਹ ਬਾਰੇ ਜਾਣਕਾਰੀ ਦਿਤੀ ਜਾਵੇ ਯਾਂ ਹੋਰ Jobs ਬਾਰੇ ਜਾਣਕਾਰੀ ਸਾਝੀ ਕੀਤੀ ਜਾਵੇ!

੪) ਸਾਡੀ ਸਿੱਧੀ ਹੀ ਉਨ੍ਹਾਂ ਵੀਰਾਂ, ਪਰਵਾਰਾਂ, ਜੋ ਇਸ ਕੰਮ ਨੂੰ ਆਪਣੇ ਕਿਰਤ ਵਜੋਂ ਕਰ ਰਹੇ ਹਨ, ਨੂੰ ਹਥ ਜੋੜ ਬੇਨਤੀ ਹੈ ਕਿ ਇਸ ਕੁਰੀਤੀ ਤੋਂ ਬਚਣ!

- ਜੇ ਆਪ ਨੌਕਰੀ ਕਰਦੇ ਹੋ, ਤਾਂ ਆਸੇ ਪਾਸੇ ਝਾਤ ਮਾਰ ਕੇ ਵੇਖੋ, ਕਿ ਕਿਤਨੇ ਮੌਕੇ ਹਨ ਆਪ ਕੋਲ ਕੁਝ ਨਾ ਕੁਝ ਹੋਰ ਕੰਮ ਕਰਨ ਦੇ! ਇਸ ਤਰਾਂ ਦੀ ਸਿਖ ਵਿਰੋਧੀ Job ਨੂੰ ਤਿਆਗੋ ਤੇ ''ਧਰਮ ਦੀ ਕਿਰਤ'' ਦੇ ਫਲਸਫੇ ਨੂੰ ਸਮਝਦੇ ਹੋਏ, ਵਧੀਆ Job ਕਰੋ ਜੀ।

- ਜੇ ਆਪ ਦਾ business ਹੈ ਇਸ ਕੰਮ ਦਾ ਤਾਂ ਅਸੀ ਆਪ ਨੂੰ ਨਿਮਰਤਾ ਸਹਿਤ ਸੁਝਾਅ ਦੇਵਾਂਗੇ ਕਿ ਆਪਣੀ company ਦੇ head office ਨਾਲ ਗਲ ਕਰਕੇ ਵੇਖੋ ਕਿ ਆਪ ਨੂੰ ਤਮਾਕੂ ਰਖਣ ਤੋਂ ਛੋਟ ਦਿਤੀ ਜਾਵੇ। ਜਿਥੋਂ ਤਕ ਦਾਸ ਦੀ ਜਾਣਕਾਰੀ ਹੈ ਕੋਈ ਐਸਾ ਅਸੂਲ (rule) ਨਹੀ ਜੋ ਸਾਨੂੰ cigarette ਰਖਣ ਤੇ ਵੇਚਣ ਤੇ ਕੋਈ ਮਜਬੂਰ ਕਰਦਾ ਹੋਵੇ! ਸਾਰਾ ਰੌਲਾ ਸਾਡੇ ਆਪਣੇ "Profit" ਦਾ ਹੀ ਹੈ।

ਜੇ ਕੋਈ ਐਸਾ rule ਹੋਵੇ ਵੀ ਤਾਂ ਵੀ ਉਸ ਵਿਚ ਸਿਖ ਹੋਣ ਦੇ ਨਾਤੇ ਛੋਟ ਲੈਣੀ (ਉਸ ਵਾਸਤੇ ਸੰਬੰਧਤ lobby ਕਰਨਾ) ਆਪ ਦਾ ਧਾਰਮਕ ਫਰਜ਼ ਹੈ।ਕੋਈ ਐਸਾ ਕਾਰਨ ਨਹੀ ਕਿ Gas stations ਯਾਂ convenience stores ਦੀਆਂ companies ਵਾਲੇ ਇਸ ਨੂੰ ਸਿਖਾਂ ਲਈ ਛੋਟ ਕਰਨ ਵਜੋਂ ਇਨਕਾਰੀ ਹੋਣ। ਗੋਰੇ ਕੌਮ ਦੇ ਲੋਕ ਅਤੇ ਵਾਪਾਰੀ ਬਹੁਤ adjusting ਤੇ accommodating ਹਨ। ਜੇ ਸਾਡੇ ਵਿਚ ਦਿਆਨਤਦਾਰੀ ਹੋਵੇਗੀ ਤਾਂ ਕੋਈ ਕਾਰਨ ਨਹੀ ਕਿ ਸਤਿਗੁਰੂ ਜੀ ਰਾਹੀ ਆਪ ਜੀ ਦੀ ਇਸ ਪ੍ਰਤੀ ਜਿਤ ਨਾ ਹੋਵੇ! ਗਲ ਆਪਣੇ ਹੀ ਮਨ ਦੀ ਹੈ, ਕਿਸੇ ਹੋਰ ਦੀ ਨਹੀ।

ਹੇਠਾਂ ਨਥੀ ਕੀਤੇ ਕੁਝ posters ਹਨ ਜੋ ਇਸ ਸੰਬੰਧ ਵਿਚ ਸਿਖ ਸੰਗਤ ਦੇ ਚਰਨਾਂ ਵਿਚ ਸਾਂਝੇ ਕੀਤੇ ਜਾਂਦੇ ਹਨ।


ਆਓ ਰਲ ਮਿਲ ਕੇ, ਸਿਖ ਜਗਤ ਨੂੰ cigarette ਤਮਾਕੂ ਵੇਚਣ ਤੋਂ ਰਹਿਤ ਬਣਾਈਏ! ਜੋ ਲੀਹਾਂ ਸਤਿਗੁਰੂ ਜੀ ਸਾਡੇ ਸਾਰਿਆ ਲਈ ਪਾ ਗਏ ਹਨ, ਉਸ ਨੂੰ ਅਗੇ ਤੋਰਨਾ ਸਾਡਾ ਸਭ ਦਾ ਹੀ ਧਾਰਮਕ ਫਰਜ਼ ਹੈ। ਆਓ, ਆਪਣਾ ਫਰਜ਼ ਪਹਿਚਾਣੀਏ!

ਇਸ email ਨੂੰ ਆਪਣੇ ਹੋਰ ਗੁਰਸਿਖ ਸਹਿਯੋਗੀਆਂ ਨਾਲ ਸਾਝਾ ਕਰੋ ਜੀ! ਭੁਲ ਚੁਕ ਦੀ ਖਿਮਾ ਜੀਓ!

ਗੁਰੂ ਪੰਥ ਦਾ ਦਾਸ,

ਕੁਲਬੀਰ ਸਿੰਘ

(ਕੈਲਗਰੀ, ਕੈਨੇਡਾ)




# Shaheed Bhai Jai Singh

chose DEATH over touching a bag containing TOBACCO

# ਸ਼ਰਮ ਅਤੇ ਲਾਹਨਤ ਵਾਲੀ ਗਲ!

ਅਜ ਜਦੋਂ ਸੈਂਕੜੇ ਦਸਤਾਰਧਾਰੀ / ਸਿੱਖੀ ਸਰੂਪ ਵਾਲੇ ਸਿੱਖ, Gas Stations, convenience Stores ਉੱਤੇ **ਨੌਂਕਰੀ ਯਾਂ Business ਵਜੋਂ ਤਮਾਕੂ, tobacco ਯਾਂ Cigarettes ਵੇਚਦੇ ਦੇਖੀਦੇ ਹਨ ਤਾਂ ਸ਼ਰਮ ਨਾਲ ਸਿਰ ਨੀਵਾਂ ਹੋ ਜਾਂਦਾ ਹੈ!**

ਗੁਰੂ ਸਾਹਿਬ ਦੀ ਸਿਖਿਆ ਦੀ ਇਹ ਸ਼ਰੇਆਮ ਉਲੰਘਣਾ ਹੈ! **"ਧਰਮ ਦੀ ਕਿਰਤ" ਦੇ ਸਿਧਾਂਤ ਉੱਤੇ ਸਿੱਧਾ ਵਾਰ!** ਇਹ ਸਾਡੀ ਨਿਆਰੇਪੁਣੇ ਉਤੇ ਵੀ ਸਿਧਾ ਹੀ ਵਾਰ ਹੈ!

(ਹਰ ਸਿੱਖ ਤਕ ਇਹ ਪੋਸਟਰ ਪਹੁੰਚਾਓ ਜੀ)

# ਸਿਖਾਂ ਲਈ ਹਲੂਣਾ !

ਜਿਹੜੇ ਸਿੱਖ ਆਪਣੇ ਕਮਾਈ ਤਮਾਕੂ ਵੇਚ ਕੇ (ਨੌਕਰੀ ਯਾਂ Business ਰਾਹੀਂ) ਕਰਦੇ ਹਨ ਉਹ ਯਾਦ ਰਖਣ ਕਿ **ਉਹ ਕਮਾਈ ਉਨ੍ਹਾਂ ਨੂੰ ਕਦੇ ਵੀ ਸੁਖ ਨਹੀ ਲਿਆਵੇਗੀ ਸਗੋਂ ਦੁਖ ਦਾ ਕਾਰਨ ਬਣੇਗੀ! ਇਹ ਅਜ਼ਮਾਈ ਹੋਈ ਸਚਾਈ ਹੈ!**

ਅਜ ਸੈਂਕੜੇ ਸਿੱਖ ਦੇਸ ਪਰਦੇਸਾਂ ਵਿਚ Gas Stations, Convenience Stores ਵਿਚ Tobacco, cigarettes, ਤਮਾਕੂ ਵੇਚਦੇ ਨਜ਼ਰ ਆਉਦੇ ਹਨ **ਅਤੇ ਦਸਤਾਰ ਤੇ ਸਿੱਖੀ ਸਰੂਪ ਤੇ ਸਿਧਾਤਾਂ ਨੂੰ ਦਾਗ ਲਗਾ ਰਹੇ ਹਨ!**

**ਕੇਵਲ"ਧਰਮ ਦੀ ਕਿਰਤ" ਦੀ ਆਗਿਆ ਹੈ,**
**ਤਮਾਕੂ ਵੇਚਣ ਦੀ ਨਹੀ! (ਹਰ ਸਿੱਖ ਨੂੰ ਇਹ Message ਪਹੁੰਚੇ)**